ਜਮਾਤ -ਅੱਠਵੀਂ

ਪਾਠ-3 ਛਿੰਝ ਛਰਾਹਾਂ ਦੀ

ਸਾਹਿਤ ਰੂਪ-ਲੇਖ

ਲੇਖਕ- ਅਮਰੀਕ ਸਿੰਘ ਦਿਆਲ


ਪ੍ਰਸ਼ਨ(ੳ)'ਛਿੰਝ ਛਰਾਹਾਂ ਦੀ'ਦਾ ਮੇਲਾ ਕਿੱਥੇ ਅਤੇ ਕਦੋਂ ਲੱਗਦਾ ਹੈ?ਇਸ ਮੇਲੇ ਦਾ ਇਹ ਨਾਂ ਕਿਵੇਂ ਪਿਆ?

ਉੱਤਰ-'ਛਿੰਝ ਛਰਾਹਾਂ ਦੀ' ਦਾ ਮੇਲਾ ਜ਼ਿਲਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ 'ਚ ਵੱਸੇ 'ਬੀਤ' ਇਲਾਕ ਦੇ ਪਿੰਡ ਅਚਲਪੁਲ (ਛਰਾਹਾਂ) ਵਿਖੇ ਹਰ ਸਾਲ ਮੱਘਰ ਮਹੀਨੇ ਦੇ ਪਹਿਲੇ ਐਤਵਾਰ ਤੋਂ ਲਗਾਤਾਰ ਚਾਰ ਦਿਨ ਚੱਲਦਾ ਹੈ।ਛੇ ਰਾਹਾਂ ਦਾ ਕੇਂਦਰ ਬਿੰਦੂ ਹੋਣ ਕਰਕੇ ਇਸ ਦਾ ਇਹ ਨਾਂ ਪਿਆ।



ਪ੍ਰਸ਼ਨ(ਅ)ਇਸ ਮੇਲੇ 'ਤੇ ਕਿਹੜੀਆਂ-2 ਰਸਮਾਂ ਨਿਭਾਈਆਂ ਜਾਂਦੀਆਂ ਹਨ?

ਉੱਤਰ- ਮੇਲੇ ਵਿੱਚ ਪਹੁੰਚਣ ਵਾਲੀਆਂ ਸੰਗਤਾਂ ਸਭ ਤੋਂ ਪਹਿਲਾਂ ਸਿੱਧ ਬਾਬਾ ਬਾਲਕ ਰੂਪ ਜੀ ਦੇ ਮੰਦਰ ਵਿਖੇ ਮੱਥਾ ਟੇਕਦੀਆਂ,ਮੰਨਤਾਂ ਮੰਗਦੀਆਂ ਅਤੇ ਸੁੱਖਣਾ ਲਾਹੁੰਦੀਆਂ ਹਨ।ਮੇਲੇ ਵਾਲੇ ਐਤਵਾਰ ਤੋਂ ਮਹੀਨਾਂ ਪਹਿਲਾਂ ਚਾਰ ਜੱਗ ਕਰਵਾਏ ਜਾਂਦੇ ਹਨ।ਘਰਾਂ ਵਿੱਚ ਮਾਂਹਾਂ ਦੀ ਦਾਲ ਜ਼ਰੂਰ ਬਣਦੀ ਹੈ।



ਪ੍ਰਸ਼ਨ (ੲ) ਕਿਰਸਾਣੀ ਜੀਵਨ ਅਤੇ ਆਮ ਲੋਕਾਂ ਦਾ ਇਸ ਮੇਲੇ ਨਾਲ ਸਬੰਧ ਕਿਵੇਂ ਜੁੜਿਆ ਹੋਇਆ ਹੈ?

ਉੱਤਰ-ਇਹਨਾਂ ਦਿਨਾਂ ਵਿੱਚ ਕਿਸਾਨ ਮੱਕੀ ਦੀ ਫਸਲ ਸੰਭਾਲ ਕੇ ਤੇ ਕਣਕ ਦੀ ਬਿਜਾਈ ਦਾ ਕੰਮ ਨਿਬੇੜ ਕੇ ਵਿਹਲੇ ਹੁੰਦੇ ਸਨ।ਉਸ ਸਮੇਂ ਬਜ਼ਾਰ ਨੇੜੇ ਨਾ ਹੋਣ ਕਾਰਨ ਕਿਸਾਨ ਅਤੇ ਆਮ ਲੋਕ ਇਸ ਮੇਲੇ ਵਿੱਚੋਂ ਰੋਜ਼ਾਨਾ ਵਰਤੋਂ ਦੀਆਂ ਚੀਜਾਂ ਖਰੀਦਦੇ ਸਨ।

ਪ੍ਰਸ਼ਨ(ਸ) ਸਮੇਂ ਦੇ ਬੀਤਣ ਨਾਲ ਇਸ ਮੇਲੇ ਵਿੱਚ ਕਿਹੜਾ ਅੰਤਰ ਵੇਖਣ ਨੂੰ ਮਿਲਦਾ ਹੈ?

ਉੱਤਰ- ਪੁਰਾਣੀ ਤਕਨੀਕ ਵਾਲੀਆਂ ਫੋਟੋਗ੍ਰਾਫਰਾਂ ਦੀਆਂ ਦੁਕਾਨਾਂ ਹੁਣ ਬੀਤੇ ਦੀ ਗੱਲ ਬਣ ਚੁੱਕੀਆਂ ਹਨ।ਬਲਦਾਂ ਦੀ ਲੱਗਦੀ ਭਾਰੀ ਮੰਡੀ ਹੁਣ ਗਾਇਬ ਹੈ ਅਤੇ ਊਠਾਂ ਦੀ ਮੰਡੀ ਵੀ ਰਵਾਇਤ ਮਾਤਰ ਰਹਿ ਗਈ ਹੈ।



ਪ੍ਰਸ਼ਨ(ਹ)ਪੁਰਾਣੇ ਸਮਿਆਂ ਵਿੱਚ ਇਸ ਮੇਲੇ ਪ੍ਰਤੀ ਲੋਕਾਂ ਦਾ ਉਤਸ਼ਾਹ ਕਿਹੋ-ਜਿਹਾ ਹੁੰਦਾ ਸੀ ?

ਉੱਤਰ-ਮੇਲੇ ਤੋਂ ਪਹਿਲਾਂ ਕੱਚੇ ਘਰਾਂ ਨੂੰ ਲਿੱਪਿਆ-ਪੋਚਿਆ ਤੇ ਸ਼ਿੰਗਾਰਿਆ ਜਾਂਦਾ ਸੀ।ਮੇਲੇ ਤੋਂ ਕਈ ਦਿਨ ਪਹਿਲਾਂ ਹੀ ਮਹਿਮਾਨ ਆਉਣੇ ਸ਼ੁਰੂ ਹੋ ਜਾਂਦੇ ਤੇ ਲੋਕ ਪੱਬਾਂ ਭਾਰ ਹੋ ਕੇ ਉਹਨਾਂ ਦੀ ਸੇਵਾ ਕਰਦੇ ਸਨ।

ਪ੍ਰਸ਼ਨ(ਹ) 'ਛਰਾਹਾਂ ਦੀ ਛਿੰਝ' ਦੇ ਮੇਲੇ ਦਾ ਦ੍ਰਿਸ਼ ਵਰਣਨ ਕਰੋ।

ਉੱਤਰ-ਮੇਲੇ ਵਿੱਚ ਦੁਕਾਨਾਂ 'ਤੇ ਔਰਤਾਂ ਅਤੇ ਮੁਟਿਆਰਾਂ ਦੀ ਭੀੜ ਹੁੰਦੀ ਹੈ।ਗੱਭਰੂ ਟੋਲੀਆਂ ਬਣਾ ਕੇ ਘੁੰਮਦੇ ਦਿਖਾਈ ਦਿੰਦੇ ਹਨ।ਏਨੀ ਭੀੜ ਹੁੰਦੀ ਹੈ ਕਿ ਸੜਕ ਤੋਂ ਮੋਟਰ-ਗੱਡੀਆਂ ਦਾ ਗੁਜ਼ਰਨਾ ਮੁਹਾਲ ਹੋ ਜਾਂਦਾ ਹੈ।

ਪ੍ਰਸਨ 2. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।

ਪ੍ਰਸਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:

1. ਘੁੱਗ-ਵਸਦੇ – ਮੇਲੇ ਪੰਜਾਬ ਦੇ ਘੁੱਗ-ਵਸਦੇ ਪਿੰਡਾਂ ਵਿੱਚ ਲੱਗਦੇ ਹਨ।

2. ਆਪਮੁਹਾਰੇ – ਬਚਪਨ ਦੇ ਪਿਆਰ ਆਪਮੁਹਾਰੇ ਪਏ ਹੁੰਦੇ ਹਨ।

3. ਸਸ਼ੋਭਿਤ – ਸਾਡੇ ਪਿੰਡ ਦੀ ਫਿਰਨੀ 'ਤੇ ਗੁਰੂ ਘਰ ਸਸ਼ੋਭਿਤ ਹੈ।

4. ਨਤਮਸਤਕ ਹੋਣਾ – ਸਾਨੂੰ ਆਪਣੇ ਗੁਰੂ ਅੱਗੇ ਹਰ ਰੋਜ਼ ਨਤਮਸਤਕ ਹੋਣਾ ਚਾਹੀਦਾ ਹੈ।

5.ਸਰਸ਼ਾਰ ਕਰ ਦੇਣਾ–ਪਹਾੜਾਂ ਦੀਆਂ ਠੰਡੀਆਂ ਹਵਾਵਾਂ ਰੂਹ ਨੂੰ ਸਰਸ਼ਾਰ ਕਰ ਦਿੰਦੀਆਂ ਹਨ।

6. ਪ੍ਰਦਰਸ਼ਨੀ– ਅਸੀ ਜ਼ਿਲ੍ਹਾ ਪੱਧਰ 'ਤੇ ਵਿਗਿਆਨ ਪ੍ਰਦਰਸ਼ਨੀ ਵਿੱਚ ਹਿੱਸਾ ਲਿਆ।

7. ਪੱਬਾਂ ਭਾਰ ਹੋਣਾ – ਪੰਜਾਬੀ ਘਰ ਆਏ ਮਹਿਮਾਨਾਂ ਦੀ ਸੇਵਾ ਪੱਬਾਂ ਭਾਰ ਹੋ ਕੇ ਕਰਦੇ ਹਨ।

8.ਹਫੜਾ-ਦਫੜੀ – ਗੋਲੀ ਚੱਲਣ ਨਾਲ ਬਜ਼ਾਰ ਵਿੱਚ ਹਫੜਾ-ਦਫੜੀ ਮੱਚ ਗਈ।

9. ਅਸਮਾਨ ਛੂੰਹਦੇ – ਮੇਲੇ ਵਿੱਚ ਅਸਮਾਨ ਛੂੰਹਦੇ ਚੰਡੋਲ ਸਨ।

10. ਦੂਣ ਸਵਾਇਆ ਹੋਣਾ – ਜਾਗੋ ਦੀ ਰਸਮ ਨਾਲ ਵਿਆਹ ਦੀਆਂ ਖੁਸ਼ੀਆਂ ਦੂਣ ਸਵਾਈਆਂ ਹੋ ਜਾਂਦੀਆਂ ਹਨ।

